# POST MATRIC SCHOLARSHIP

ਸੈਸ਼ਨ 2023-24 ਲਈ ਸਕਾਲਰਸ਼ਿਪ ਦੇ ਫਾਰਮ ਸਾਰੇ ਯੋਗ ਵਿਦਿਆਰਥੀਆਂ ਵੱਲੋਂ ਆਪਣੇ ਪੱਧਰ ਤੇ ON-LINE (ਇੰਟਰਨੈੱਟ) ਰਾਹੀਂ ਹੀ ਭਰੇ ਜਾਣਗੇ ਅਤੇ ਇਸ ਦੀ ਹਾਰਡ ਕਾਪੀ ਦਫਤਰ ਵਿੱਚ ਸਮੇਂ ਸਿਰ ਜਮ੍ਹਾਂ ਕਰਵਾਉਣੀ ਜਰੂਰੀ ਹੈ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵਜੀਫੇ ਦਾ ਲਾਭ ਪ੍ਰਾਪਤ ਨਹੀਂ ਕਰ ਸਕਣਗੇ।

ਵਜੀਫਾ ਫਾਰਮ ਭਰਨ ਸਮੇਂ ਹੇਠ ਲਿਖੇ ਅਨੁਸਾਰ ਕਾਗਜ ਵਿਦਿਆਰਥੀ ਕੋਲ ਜਰੂਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਦੀ ਫੋਟੋ ਕਾਪੀ ਦਫਤਰ ਵਿੱਚ ਵਜੀਫਾ ਫਾਰਮ ਦੀ ਹਾਰਡ ਕਾਪੀ ਜਮ੍ਹਾਂ ਕਰਵਾਉਣ ਸਮੇਂ ਨਾਲ ਨੱਥੀ ਹੋਣੀ ਚਾਹੀਦੀ ਹੈ।

* ਵਿਦਿਆਰਥੀ ਦਾ ਅਤੇ ਉਸ ਦੇ ਮਾਤਾ/ ਪਿਤਾ ਦੇ ਆਧਾਰ ਕਾਰਡ ਦੀ ਕਾਪੀ।
* ਵਿਦਿਆਰਥੀ ਦੇ ਬੈਂਕ ਖਾਤੇ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਜਾਤੀ ਸਰਟੀਫਿਕੇਟ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਪੰਜਾਬ ਵਸਨੀਕ ਸਰਟੀਫਿਕੇਟ ਸਰਟੀਫਿਕੇਟ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਮਾਪਿਆਂ ਦਾ ਆਮਦਨ ਸਰਟੀਫਿਕੇਟ ਨਵਾਂ (1 ਅਪ੍ਰੈਲ 2023 ਤੋਂ ਬਾਅਦ ਦਾ) ਘੱਟ ਤੋਂ ਘੱਟ ਤਹਿਸੀਲ ਪੱਧਰ ਦੇ ਅਧਿਕਾਰੀ ਦਾ ਹੀ ਬਣਿਆ ਹੋਣਾ ਚਾਹੀਦਾ ਹੈ।
* ਵਿਦਿਆਰਥੀ ਦੀਆਂ ਪਿਛਲੀਆਂ ਸਾਰੀਆਂ (10 ਵੀਂ ਅਤੇ ਉਸ ਤੋ ਬਾਅਦ ਵਾਲੀਆਂ) ਕਲਾਸਾਂ ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ।
* ਵਿਦਿਆਰਥੀ ਦੀਆਂ 4 ਪਾਸਪੋਰਟ ਸਾਈਜ਼ ਰੰਗੀਨ ਫੋਟੋਆਂ।
* ਵਿਦਿਆਰਥੀ ਦੀ ਹਾਜਰੀ ਦਾ ਸਰਟੀਫਿਕੇਟ (ਇਹ ਸਰਟੀਫਿਕੇਟ ਫਾਰਮ ਭਰਨ ਤੋਂ ਪਹਿਲਾਂ ਕਾਲਜ ਕੋਲੋਂ ਲੈਣਾ ਪਵੇਗਾ)।

ਵਿਦਿਆਰਥੀ www.scholarships.punjab.gov.in website ਤੇ ਆਪਣੇ ਫਾਰਮ ਭਰ ਸਕਦੇ ਹਨ।

**ਨੋਟ:**

**1. ਵਿਦਿਆਰਥੀ ਵੱਲੋਂ ਸਕਾਲਰਸ਼ਿਪ ਫ਼ਾਰਮ ਆਨ-ਲਾਈਨ ਭਰਨ ਤੋਂ ਬਾਅਦ ਉਪਰੋਕਤ ਸਾਰੇ ਕਾਗਜ਼ ਨਾਲ ਲਗਾ ਕੇ ਇਸ ਦੇ 2 ਸੈੱਟ ਤਿਆਰ ਕਰ ਕੇ 2-3 ਦਿਨ ਦੇ ਅੰਦਰ ਦਫ਼ਤਰ ਵਿਚ ਜਮ੍ਹਾ ਕਰਵਾਉਣੇ ਜ਼ਰੂਰੀ ਹਨ।**

**2. ਵਜੀਫੇ ਸੰਬੰਧੀ ਸਰਕਾਰ ਵੱਲੋਂ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਵਿਦਿਆਰਥੀ ਇਨ੍ਹਾਂ ਵਿੱਚੋਂ ਕੋਈ ਇੱਕ ਫ਼ਾਰਮ ਹੀ ਭਰ ਸਕਦਾ ਹੈ।ਜੋ ਵਿਦਿਆਰਥੀ ਇੱਕ ਤੋਂ ਵੱਧ ਸਕਾਲਰਸ਼ਿਪ ਲਈ ਫਾਰਮ ਭਰਨਗੇ, ਉਹਨਾਂ ਦੇ ਸਾਰੇ ਫਾਰਮ ਰੱਦ ਕਰ ਦਿੱਤੇ ਜਾਣਗੇ ਅਤੇ ਉਹਨਾਂ ਉੱਪਰ ਕਾਨੂੰਨ ਅਨੁਸਾਰ ਕਾਰਵਾਈ ਵੀ ਕੀਤੀ ਜਾ ਸਕਦੀ ਹੈ।**

**3. ਸਕਾਲਰਸ਼ਿਪ ਸੰਬੰਧੀ ਕਿਸੇ ਵੀ ਹੋਰ ਜਾਣਕਾਰੀ ਲਈ ਦਫ਼ਤਰ ਵਿਚ ਸੰਪਰਕ ਕੀਤਾ ਜਾ ਸਕਦਾ ਹੈ।**

ਪ੍ਰਿੰਸੀਪਲ